1

ਨੰਬਰ : 25/27/2011-ਭਮ-2/8207-31

ਪੰਜਾਬ ਸਰਕਾਰ

ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ

(ਭੋਂ ਮਾਲੀਆ ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ
(1) ਸਮੂਹ ਮੰਡਲਾਂ ਦੇ ਕਮਿਸ਼ਨਰ
(2) ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ।

ਚੰਡੀਗੜ੍ਹ, ਮਿਤੀ 17-6-2011

ਵਿਸ਼ਾ:- ਸਰਕਲ ਰੈਵੀਨਿਊ ਅਫਸਰ (ਤਹਿਸੀਲਦਾਰ / ਨਾਇਬ ਤਹਿਸੀਲਦਾਰ) ਨੂੰ ਆਮਦਨ ਸਰਟੀਫਿਕੇਟ ਜਾਰੀ ਕਰਨ ਦੀਆਂ ਸ਼ਕਤੀਆ ਪ੍ਰਦਾਨ ਕਰਨ ਬਾਰੇ ।

***

ਸ਼੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਵਿਦਿਆਰਥੀਆਂ ਨੂੰ ਜਦੋ ਕਿਸੇ ਸਿਖਿਆ ਸੰਸਥਾਨ ਵਿੱਚ ਵਿਦਿਆ ਦਾ ਲਾਭ ਉਠਾਉਣ ਲਈ ਕਰਜੇ ਦੀ ਸਹੂਲਤ ਲੈਣ ਦਾ ਮਾਮਲਾ ਵਿਚਾਰ ਅਧੀਨ ਹੋਵੇ ਤਾਂ ਉਸ ਸਮੇਂ ਉਨ੍ਹਾ ਨੂੰ ਆਮਦਨ ਸਰਟੀਫਿਕੇਟ ਦੀ ਜਰੂਰਤ ਪੈਂਦੀ ਹੈ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਆਮਦਨ ਸਰਟੀਫਿਕੇਟ ਕਿਸ ਅਥਾਰਟੀ ਵਲੋਂ ਜਾਰੀ ਕੀਤਾ ਜਾਵੇ । ਸਰਕਾਰ ਨੇ ਇਸ ਪੇਸ਼ ਆ ਰਹੀ ਮੁਸ਼ਕਲ ਨੂੰ ਦੂਰ ਕਰਨ ਲਈ ਹੁਣ ਇਹ ਫੈਸਲਾ ਲਿਆ ਹੈ ਕਿ ਭਵਿੱਖ ਵਿੱਚ ਸਰਕਲ ਰੈਵੀਨਿਊ ਅਫਸਰ (ਤਹਿਸੀਲਦਾਰ / ਨਾਇਬ ਤਹਿਸੀਲਦਾਰ) ਵਲੋਂ ਇਹ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਇਸ ਲਈ ਇਹ ਸਰਟੀਫਿਕੇਟ ਜਾਰੀ ਕਰਨ ਤੋ ਪਹਿਲਾ ਉਹ ਆਪਣੇ ਅਧੀਨ ਮਾਲ ਅਧਿਕਾਰੀਆਂ/ਕਰਮਚਾਰੀਆਂ ਰਾਹੀਂ ਵਿਦਿਆਰਥੀਆਂ ਨਾਲ ਸਬੰਧਤ ਹਰ ਵਸੀਲਿਆ ਤੋ ਪ੍ਰਾਪਤ ਕੀਤੀ ਜਾ ਰਹੀ ਆਮਦਨ ਦੇ ਨਾਲ ਨਾਲ ਖੇਤੀਬਾੜੀ, ਵਪਾਰ, ਕਿਤਾ ਅਤੇ ਸੈਲਰੀ ਜਿਸ ਤੋਂ ਵੀ ਉਹ ਆਮਦਨ ਪ੍ਰਾਪਤ ਕਰ ਰਿਹਾ ਹੈ, ਦੀ ਪੂਰੀ ਤਰ੍ਹਾ ਤਸਦੀਕ ਕਰਨਾ ਯਕੀਨੀ ਬਣਾਇਆ ਜਾਵੇ ।

2. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਅਤੇ ਇਹ ਹਦਾਇਤਾਂ ਸਮੂਹ ਸਬੰਧਤਾਂ ਦੇ ਨੋਟਿਸ ਵਿੱਚ ਪਾਲਣਾ ਲਈ ਲਿਆ ਦਿੱਤੀਆ ਜਾਣ ।

(signature)
ਉੱਪ ਸਕੱਤਰ ਮਾਲ (ਰ)

ਪਿੱਠ ਅੰਕਣ ਨੰਬਰ :25/27/2011-ਭਮ-2/8232 ਚੰਡੀਗੜ੍ਹ, ਮਿਤੀ 17-6-2011

ਇਸ ਦਾ ਇੱਕ ਉਤਾਰਾ ਡਾਇਰੈਕਟਰ, ਭੋਂ ਰਿਕਾਰਡ ਪੰਜਾਬ, ਕਪੂਰਥਲਾ ਰੋਡ, ਜਲੰਧਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

(signature)
ਉੱਪ ਸਕੱਤਰ ਮਾਲ (ਰ)

ਪਿੱਠ ਅੰਕਣ ਨੰਬਰ :25/27/2011-ਭਮ-2/8233 ਚੰਡੀਗੜ੍ਹ, 17-6-2011